# ਮੌਡਿਊਲ 12 - ਹੀਮੋਡਾਇਐਲਿਸਿਸ ਦੀ ਰਹਿੰਦ-ਖੂੰਹਦ ਦਾ ਨਿਪਟਾਰਾ
# Module 12 – Handling Hemodialysis Waste

## ਮੈਡੀਕਲ ਰਹਿੰਦ-ਖੂਹੰਦ ਦੀ ਚਿੰਤਾ ਕਿਉਂ?
## Why worry about medical waste?

ਹਰ ਸਾਲ ਕਈ ਲੋਕ ਗਲਤ ਤਰੀਕੇ ਨਾਲ ਸੁੱਟੀਆਂ ਸੂਈਆਂ, ਅਤੇ ਮੈਡੀਕਲ ਰਹਿੰਦ-ਖੂੰਹਦ ਦੇ ਸੰਪਰਕ ਵਿੱਚ ਆਉਣ ਕਾਰਣ ਗੰਭੀਰ ਰੂਪ ਵਿੱਚ ਜ਼ਖਮੀ ਹੁੰਦੇ ਹਨ। ਕੂੜੇ ਦਾ ਨਿਪਟਾਰਾ ਕਰਨ ਵਾਲੇ ਲੋਕਾਂ ਨੂੰ ਸਭ ਤੋਂ ਵੱਧ ਖਤਰਾ ਹੁੰਦਾ ਹੈ, ਪਰ ਛੋਟੇ ਬੱਚਿਆਂ, ਪਾਲਤੂ ਜਾਨਵਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਕੂੜੇ ਵਿੱਚ ਗਲਤ ਤਰੀਕੇ ਨਾਲ ਸੁੱਟੇ ਉਤਪਾਦਾਂ ਤੋਂ ਨੁਕਸਾਨ ਝੱਲਣਾ ਪੈ ਸਕਦਾ ਹੈ। ਕੂੜੇ ਨੂੰ ਉਚਿਤ ਤਰੀਕੇ ਨਾਲ ਸੰਭਾਲਣ ਅਤੇ ਉਸ ਦਾ ਸਹੀ ਤਰੀਕੇ ਨਾਲ ਨਿਪਟਾਰਾ ਕਰਨ ਨਾਲ ਤੁਹਾਡੇ ਪਰਿਵਾਰ ਦੇ ਮੈਂਬਰ ਅਤੇ ਆਮ ਜਨਤਾ ਦੁਰਘਟਨਾ ਤੋਂ ਬਚ ਸਕਦੇ ਹਨ।

## ਆਪਣੀ ਮੈਡੀਕਲ ਰਹਿੰਦ- ਖੂੰਹਦ ਨੂੰ ਸੁਰੱਖਿਅਤ ਬਣਾਉਣ ਲਈ ਤੁਸੀਂ ਕੀ ਕਰ ਸਕਦੇ ਹੋ What you can do to make your medical waste safe

- ਹਰੇਕ ਡਾਇਐਲਿਸਿਸ ਤੋਂ ਬਾਅਦ ਤੁਹਾਡੇ ਸਿਖਿਅਕ ਤੁਹਾਨੂੰ ਦਿਖਾਉਣਗੇ ਕਿ ਤੁਹਾਡੇ ਵੱਲੋਂ ਵਰਤੀ ਗਈ ਡਾਇਐਲਿਸਿਸ ਟਿਊਬਿੰਗ ਦਾ ਸੁਰੱਖਿਅਤ ਤਰੀਕੇ ਨਾਲ ਨਿਪਟਾਰਾ ਕਿਵੇਂ ਕਰਨਾ ਹੈ।
- ਜੇਕਰ ਤੁਹਾਡੀ ਟਿਊਬਿੰਗ ਅਤੇ ***ਡਾਇਆਲਾਈਜ਼ਰ*** ਵਿੱਚ ਗਤਲੇ ਬਣ ਗਏ ਹਨ ਤਾਂ ਉਨ੍ਹਾਂ ਨੂੰ ਮਸ਼ੀਨ ਤੋਂ ਲਾਹ ਕੇ, ਤੁਹਾਨੂੰ ਦਿੱਤੇ ਗਏ ਬਾਇਓ-ਹੈਜ਼ਰਡ ਵਾਲੇ ਡੱਬੇ ਵਿੱਚ ਰੱਖ ਦਿਓ।
- ਸ਼ਾਰਪਜ਼ (ਸੂਈਆਂ ਅਤੇ ਹੋਰ ਤਿੱਖੀਆਂ ਚੀਜ਼ਾਂ) ਅਤੇ ਦਵਾਈ ਦੀਆਂ ਸ਼ੀਸ਼ੀਆਂ ਨੂੰ ਕਿਸੇ ਸੀਲਬੰਦ, ਸਖਤ ਪਲਾਸਟਿਕ ਦੇ ਕੰਟੇਨਰ ਵਿੱਚ ਰੱਖਣਾ ਚਾਹੀਦਾ ਹੈ। ਖ਼ੂਨ ਨਾਲ ਭਰੀਆਂ ਸਰਿੰਜਾਂ ਨੂੰ ਵੀ ਤੁਹਾਨੂੰ ਦਿੱਤੇ ਗਏ ਸ਼ਾਪਰਜ਼ ਕੰਟੇਨਰ ਵਿੱਚ ਸੁੱਟਿਆ ਜਾ ਸਕਦਾ ਹੈ।
- ਸਾਰੀ ਮੈਡੀਕਲ ਰਹਿੰਦ-ਖੂੰਹਦ ਨੂੰ ਕਿਸੇ ਚਾਈਲਡ-ਪਰੂਫ਼/ਐਨਿਮਲ-ਪਰੂਫ਼ ਕੰਟੇਨਰ ਵਿੱਚ ਸੰਭਾਲੋ। ਜੇ ਤੁਸੀਂ ਆਪਣੇ ਕੂੜੇ ਨੂੰ ਬਾਹਰ ਰੱਖਦੇ ਹੋ ਤਾਂ ਕਿਰਪਾ ਕਰਕੇ ਯਕੀਨੀ ਬਣਾਓ ਕਿ ਕੰਟੇਨਰ ਕੱਸ ਕੇ ਬੰਦ ਕੀਤਾ ਗਿਆ ਹੈ।
- ਕੂੜੇ ਦੇ ਮਜ਼ਬੂਤ ਥੈਲਿਆਂ ਦੀ ਵਰਤੋਂ ਕਰੋ ਕਿਉਂਕਿ ਕੁਝ ਕੂੜੇ ਦੇ ਥੈਲੇ ਆਸਾਨੀ ਨਾਲ ਫੱਟ ਜਾਂਦੇ ਹਨ। ਇਹ ਜਾਨਵਰਾਂ ਨੂੰ ਆਕਰਸ਼ਿਤ ਕਰ ਸਕਦਾ ਹੈ ਅਤੇ ਕੂੜੇ ਦਾ ਨਿਪਟਾਰਾ ਕਰਨ ਵਾਲੇ ਲੋਕਾਂ ਨੂੰ ਖਤਰੇ ਵਿੱਚ ਪਾ ਸਕਦਾ ਹੈ।

## ਤਿੱਖੀਆਂ ਚੀਜ਼ਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ

## How to dispose of your sharps

ਤੁਹਾਨੂੰ ਇੱਕ ਸ਼ਾਰਪਸ/ਬਾਇਓ-ਹੈਜ਼ਰਡ ਕੰਟੇਨਰ ਦਿੱਤਾ ਜਾਵੇਗਾ। ਇਹ ਇੱਕ ਸਖਤ, ਮੁੜ-ਸੀਲਕਰਨਯੋਗ ਪਲਾਸਟਿਕ ਦਾ ਕੰਟੇਨਰ ਹੈ ਜੋ ਪੰਕਚਰ ਪ੍ਰਤੀਰੋਧੀ ਹੁੰਦਾ ਹੈ। ਇਹ ਤੁਹਾਡੀਆਂ ਵਰਤੀਆਂ ਹੋਈਆਂ ਸੂਈਆਂ ਅਤੇ ਸਰਿੰਜਾਂ ਵਾਸਤੇ ਸੁਝਾਈ ਗਈ ਸੁਰੱਖਿਅਤ ਸਟੋਰੇਜ ਯੂਨਿਟ ਹੈ।

ਹੇਠ ਲਿਖੀਆਂ ਚੀਜ਼ਾਂ ਨੂੰ ਤਿੱਖਾ ਮੰਨਿਆ ਜਾਂਦਾ ਹੈ:

- ਸੂਈਆਂ
- ਦਵਾਈਆਂ ਦੀਆਂ ਸ਼ੀਸ਼ੀਆਂ ਜਾਂ ਐਮਪਿਊਲ
- ਵੈਕਿਉਟੇਨਰ ਸੂਈਆਂ (ਹਰੀਆਂ ਅਤੇ ਨੀਲੀਆਂ)
- ਆਈ.ਵੀ. ਸਪਾਈਕਜ਼ (ਭਾਵ, ਸੈਲਾਈਨ ਆਈ.ਵੀ. ਲਾਈਨਜ਼)



**ਯਾਦ ਰੱਖਣ ਲਈ ਮਹੱਤਵਪੂਰਣ:**
**ਕਦੇ ਵੀ ਮੈਡੀਕਲ ਰਹਿੰਦ-ਖੂਹੰਦ ਜਾਂ ਮੈਡੀਕਲ ਕੂੜੇ ਵਾਲੇ ਕੰਟੇਨਰ ਰੀਸਾਇਕਲਿੰਗ ਬਿਨ ਵਿੱਚ ਨਾ ਰੱਖੋ।**

ਸਰਿੰਜ ਅਤੇ ਸੂਈ ਨੂੰ ਇੱਕ ਯੂਨਿਟ ਵਜੋਂ ਸੁੱਟਿਆ ਜਾਣਾ ਚਾਹੀਦਾ ਹੈ। ਸੂਈ ਨੂੰ ਕੱਢਣ, ਮੋੜਨ, ਤੋੜਨ ਜਾਂ ਮੁੜ-ਕੈਪ ਕਰਨ ਦੀ ਕੋਸ਼ਿਸ਼ ਨਾ ਕਰੋ। ਜੇ ਤੁਸੀਂ ਦਵਾਈ ਜਾਂ ਸੈਲਾਈਨ ਨੂੰ ਕੱਢਣ ਲਈ ਸੂਈ ਦੀ ਵਰਤੋਂ ਕਰਦੇ ਹੋ ਤਾਂ ਇਸ ਨੂੰ ਲਾਜ਼ਮੀ ਤੌਰ 'ਤੇ ਸ਼ਾਰਪਜ਼ ਕੰਟੇਨਰ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਜਦੋਂ ਸ਼ਾਰਪਜ਼ ਕੰਟੇਨਰ ਭਰ ਜਾਂਦਾ ਹੈ ਤਾਂ ਇਸ ਨੂੰ ਆਪਣੇ ਮਹੀਨਾਵਾਰ ਕਲੀਨਿਕ ਵਿਖੇ ਲਿਆਓ ਅਤੇ ਤੁਹਾਡੇ ਮਰੀਜ਼ ਸਿੱਖਿਅਕ ਇਸ ਦਾ ਸੁਰੱਖਿਅਤ ਤਰੀਕੇ ਨਾਲ ਨਿਪਟਾਰਾ ਕਰ ਦੇਣਗੇ। ਯਕੀਨੀ ਬਣਾਓ ਕਿ ਢੱਕਣ ਕੱਸ ਕੇ ਬੰਦ ਕੀਤਾ ਹੋਵੇ ਅਤੇ ਜੇਕਰ ਕੰਟੇਨਰ ਦੇ ਬਾਹਰ ਖੂਨ ਲੱਗਾ ਹੋਇਆ ਹੈ ਤਾਂ ਉਸ ਨੂੰ ਪੂੰਝ ਕੇ ਸਾਫ਼ ਕਰ ਦਿਓ। ਇਸ ਨਾਲ ਸਟਾਫ਼ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਹੋਵੇਗੀ।

## ਤੁਸੀਂ ਕੀ ਰੀਸਾਈਕਲ ਕਰ ਸਕਦੇ ਹੋ What you can recycle

ਹੇਠ ਲਿਖੀਆਂ ਚੀਜ਼ਾਂ ਨੂੰ ਆਮ ਤੌਰ 'ਤੇ ਤੁਹਾਡੇ ਰੀਸਾਈਕਲਿੰਗ ਕੂੜੇਦਾਨ ਵਿੱਚ ਪਾਇਆ ਜਾ ਸਕਦਾ ਹੈ:

- ਪਲਾਸਟਿਕ ਦੀਆਂ ਥੈਲੀਆਂ
- ਪੈਕੇਜਿੰਗ ਦਾ ਕਾਗਜ਼ (ਉਦਾਹਰਨ ਦੇ ਤੌਰ 'ਤੇ, ਗਾਜ਼ ਦੇ ਪੈਕੇਜ, ਪੈਕੇਜਾਂ ਦਾ ਪਿਛਲਾ ਪਾਸਾ)
- ਸਰਿੰਜਾਂ, ਗਾਜ਼ ਆਦਿ ਦੀ ਗੱਤੇ ਦੀ ਪੈਕੇਜਿੰਗ।
- ਗੱਤੇ ਦੇ ਡੱਬੇ
- ਕੁਝ ਮਸ਼ੀਨਾਂ ਵਾਸਤੇ ਤੇਜ਼ਾਬ ਅਤੇ ਬਾਇਕਾਰਬੋਨੇਟ ਕੰਟੇਨਰ (ਚੰਗੀ ਤਰ੍ਹਾਂ ਧੋਤੇ ਹੋਏ)

ਕਿਰਪਾ ਕਰਕੇ ਆਪਣੀ ਮਿਊਨਿਸਪੈਲਿਟੀ ਕੋਲੋਂ ਇਹ ਪਤਾ ਕਰੋ ਕਿ ਉਹ ਰੀਸਾਈਕਲਿੰਗ ਵਾਸਤੇ ਕਿਹੜੀਆਂ ਸਮੱਗਰੀਆਂ ਨੂੰ ਸਵੀਕਾਰ ਕਰਦੇ ਹਨ।

CV

# ਹੀਮੋਡਾਇਐਲਿਸਿਸ ਰਹਿੰਦ-ਖੂਹੰਦ ਸੁੱਟਣੀ

## Disposal of Hemodialysis Waste

ਡਾਇਐਲਿਸਿਸ ਦੀਆਂ ਵਰਤੀਆਂ ਹੋਈਆਂ ਟਿਊਬਾਂ ਅਤੇ ਡਾਇਆਲਾਈਜ਼ਰ ਤੁਹਾਡੇ ਘਰੇਲੂ ਕੂੜੇ ਦੇ ਨਾਲ ਸੁੱਟੇ ਜਾ ਸਕਦੇ ਹਨ – ਪਰ ਸਿਰਫ਼ ਉਨ੍ਹਾਂ ਨੂੰ ਚੁੱਕੇ ਜਾਣ ਲਈ ਸੁਰੱਖਿਅਤ ਬਣਾਏ ਜਾਣ ਤੋਂ ਬਾਅਦ

### ਹਰ ਟ੍ਰੀਟਮੈਂਟ ਤੋਂ ਬਾਅਦ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ:

1




ਹਵਾ ਦੇ ਡੀਟੈਕਟਰ ਨੂੰ ਬੰਦ ਕਰਨ ਲਈ “SELECT” ਵਾਲਾ ਬਟਣ 3 ਸਕਿੰਟਾਂ ਲਈ ਦਬਾਓ।

2



ਸੂਈਆਂ ਹਟਾਓ। ਏ.ਵੀ.ਐੱਫ਼ ਵਾਲੀ ਥਾਂ ਨੂੰ ਫੜੋ ਜਾਂ ਸੀ.ਵੀ.ਸੀ. ਉੱਪਰ ਕੈਪ ਲਗਾਓ।

3




ਧਮਣੀ ਦੀ ਖ਼ੂਨ ਵਾਲੀ ਨਲੀ ਨੂੰ ਐਸਿਡ ਕਨਸਨਟ੍ਰੇਟ ਦੇ ਇੱਕ ਕੱਪ ਵਿੱਚ ਪਾਓ ਅਤੇ ਕਲੈਂਪ ਖੋਲ੍ਹੋ।

4



ਧਮਣੀ ਦੀ ਖ਼ੂਨ ਵਾਲੀ ਨਲੀ ਵਿੱਚ ਐਸਿਡ ਦਾਖ਼ਲ ਹੋ ਲੈਣ ਦਿਓ। ਜਦੋਂ ਐਸਿਡ ਦਾਖ਼ਲ ਹੋ ਜਾਵੇ ਤਾਂ ਪੰਪ ਚਲਦਾ ਰੱਖੋ ਅਤੇ ਹਵਾ ਨੂੰ ਸਰਕਟ ਅੰਦਰ ਜਾ ਲੈਣ ਦਿਓ।

5



ਨਲੀਆਂ ਨੂੰ ਪੂਰੀ ਤਰ੍ਹਾਂ ਰਹਿੰਦ-ਖੂਹੰਦ ਵਾਲੇ ਬੈਗ ਵਿੱਚ ਖਾਲੀ ਹੋਣ ਦਿਓ (ਘੱਟੋ-ਘੱਟ 2 ਮਿੰਟ) ਅਤੇ ਫਿਰ ਖ਼ੂਨ ਦਾ ਪੰਪ ਬੰਦ ਕਰ ਦਿਓ।

6



ਡਾਇਲੇਸੇਟ ਵਿੱਚੋਂ ਡਾਇਲਾਈਜ਼ਰ ਰੋੜ੍ਹ ਦਿਓ।

7



ਵਰਤੀਆਂ ਹੋਈਆਂ ਨਲੀਆਂ ਅਤੇ ਡਾਇਆਲਾਈਜ਼ਰ ਨੂੰ ਦੋਹਰੇ-ਬੈਗਾਂ ਵਾਲੇ, ਮਜ਼ਬੂਤ ਕਾਲੇ ਗਾਰਬੇਜ ਬੈਗਾਂ ਵਿੱਚ ਪਾਓ।

8



ਰਹਿੰਦ-ਖੂਹੰਦ ਟੌਇਲੈਟ ਵਿੱਚ ਰੋੜ੍ਹ ਦਿਓ।

9



ਪਾਲਤੂ ਜਾਨਵਰਾਂ ਜਾਂ ਜੰਗਲੀ ਜਾਨਵਰਾਂ ਤੋਂ ਦੂਰ ਰੱਖੋ ਅਤੇ ਸੀਲਬੰਦ ਕੰਟੇਨਰ ਵਿੱਚ ਬੰਨ੍ਹ ਕੇ ਘਰੇਲੂ ਗਾਰਬੇਜ ਵਿੱਚ ਸੁੱਟੋ।

10



ਸੂਈਆਂ ਨੂੰ ਕਦੇ ਵੀ ਗਾਰਬੇਜ ਵਿੱਚ ਨਹੀਂ ਸੁੱਟਣਾ ਚਾਹੀਦਾ। ਆਪਣੀਆਂ ਸੂਈਆਂ ਨੂੰ ਹਮੇਸ਼ਾ ਕੰਟੇਨਰ ਵਿੱਚ ਰੱਖੋ।

BCRenal Provincial Health Services Authority

ਤੁਸੀਂ ਇਸ ਸ਼ੀਟ ਨੂੰ **www.bcrenalagency.ca** ਤੋਂ ਡਾਊਨਲੋਡ ਕਰ ਸਕਦੇ ਹੋ।

ਕਲਿੱਕ: Health Info ➔ Kidney Care Treatments ➔ Home Hemodialysis ➔ Resources for Current Patients ➔ Patient Tools

# ਨੋਟਸ- ਹੀਮੋਡਾਇਐਲਿਸਿਸ ਦੀ ਰਹਿੰਦ-ਖੂੰਹਦ ਦਾ ਨਿਪਟਾਰਾ
# Notes- Handling Hemodialysis Waste